ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 3 | Issue 4 | Oct.-Dec. 2025
ISSN: 2583-9446 (O)
Paper Published Id: ARMN030404
Available online at: www.armaan.org.in
DOI: https://doi.org/10.64119/armaan.vol.3.issue4.04

# ਆਧੁਨਿਕ ਪੰਜਾਬੀ ਕਹਾਣੀ ਵਿੱਚ ਕਿਸਾਨ ਔਰਤ ਦੀ ਪੇਸ਼ਕਾਰੀ

# Aadhunik Punjabi Kahani Vich Kisan Aurata Di Peshkari

**ਰਾਜਵਿੰਦਰ ਕੌਰ (Rajwinder Kaur)**
**ਖੋਜਾਰਥੀ, ਪੰਜਾਬੀ ਵਿਭਾਗ, (Research Scholar, Dept. of Punjabi)**
**ਦਿੱਲੀ ਯੂਨੀਵਰਸਿਟੀ, ਦਿੱਲੀ (ਭਾਰਤ)**
**Email ID: rajwinderkaur78615@gmail.com ਮੋਬਾਈਲ: +91-9729598625**

*ਸਾਰ (Abstract)*

*ਕਿਸਾਨੀ ਦਾ ਕਿੱਤਾ ਇੱਕ ਅਜਿਹਾ ਕਿੱਤਾ ਹੈ ਜਿਸ ਵਿੱਚ ਕਿਸਾਨ ਨੂੰ ਆਪਣੇ ਪਰਿਵਾਰ ਦੀ ਸਹਾਇਤਾ ਦੀ ਜ਼ਰੂਰਤ ਪੈਂਦੀ ਹੈ ਅਤੇ ਇਸ ਖੇਤਰ ਵਿੱਚ ਔਰਤਾਂ ਦੀ ਭੂਮਿਕਾ ਨੂੰ ਵੀ ਨਜ਼ਰਅੰਦਾਜ਼ ਨਹੀ ਕੀਤਾ ਜਾ ਸਕਦਾ। ਕਿਸਾਨ ਪਰਿਵਾਰਾਂ ਦੀਆਂ ਔਰਤਾਂ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਕਿਸਾਨੀ ਦੇ ਕਿੱਤੇ ਨਾਲ ਜੁੜੀਆਂ ਹੁੰਦੀਆਂ ਹਨ। ਪੰਜਾਬੀ ਸਮਾਜ ਵਿੱਚ ਔਰਤ ਦੀ ਭੂਮਿਕਾ ਕਿਸਾਨੀ ਦੇ ਕਿੱਤੇ ਵਿੱਚ, ਉਸ ਸਮੇਂ ਬਹੁਤ ਅਹਿਮ ਮੰਨੀ ਜਾਂਦੀ ਸੀ ਜਦੋਂ ਸਾਰਾ ਪਰਿਵਾਰ ਮਿਲ ਕੇ ਕੰਮ ਕਰਦਾ ਸੀ ਅਤੇ ਔਰਤਾਂ ਘਰ ਦੇ ਕੰਮਾਂ ਦੇ ਨਾਲ-ਨਾਲ ਖੇਤੀਬਾੜੀ ਦੇ ਕੰਮਾ ਵਿੱਚ ਵੀ ਹੱਥ ਵਟਾਉਂਦੀਆਂ ਸਨ। ਪਰੰਤੂ ਇਸ ਸਭ ਦੇ ਬਾਵਜੂਦ ਉਹਨਾਂ ਨੂੰ ਕਦੇ ਆਪਣੀ ਆਰਥਿਕ ਪਛਾਣ ਨਹੀਂ ਮਿਲ ਸਕੀ। ਪੰਜਾਬੀ ਸਮਾਜ ਵਿੱਚ ਅਜਿਹੀਆਂ ਉਦਾਹਰਨਾਂ ਆਮ ਮੌਜੂਦ ਹਨ, ਜਿਸ ਵਿੱਚ ਔਰਤਾਂ ਵੀ ਖੇਤਾਂ ਵਿੱਚ ਮਿੱਟੀ ਨਾਲ ਮਿੱਟੀ ਹੋ ਰਹੀਆਂ ਹਨ, ਪਰ ਪੰਜਾਬੀ ਕਹਾਣੀ ਵਿੱਚ ਕਿਸਾਨ ਔਰਤ ਦੀ ਇਸ ਤਰ੍ਹਾਂ ਦੀ ਪੇਸ਼ਕਾਰੀ ਨਾ-ਮਾਤਰ ਹੀ ਹੋਈ ਹੈ। ਪੰਜਾਬੀ ਕਹਾਣੀ ਵਿੱਚ ਕਿਸਾਨ ਔਰਤ ਦੀ ਭੂਮਿਕਾ ਨੂੰ ਬਣਦਾ ਸਥਾਨ ਨਹੀਂ ਦਿੱਤਾ ਗਿਆ, ਉਸਦੀ ਪੇਸ਼ਕਾਰੀ ਦੁਜੈਲੇ ਪੱਧਰ 'ਤੇ ਹੀ ਹੋਈ ਮਿਲਦੀ ਹੈ। ਇਸਦੇ ਦੇ ਬਾਵਜੂਦ ਕਿਸਾਨ ਔਰਤ ਨਾਲ ਸੰਬੰਧਤ ਕੁਝ ਕਹਾਣੀਆਂ ਜੋ ਸਾਨੂੰ ਪ੍ਰਾਪਤ ਹੋਈਆਂ ਹਨ ਉਹਨਾਂ ਨੂੰ ਇਸ ਖੋਜ-ਪੱਤਰ ਵਿੱਚ ਸ਼ਾਮਲ ਕੀਤਾ ਗਿਆ ਹੈ ਜਿਹਨਾਂ ਨੂੰ ਆਧਾਰ ਬਣਾ ਕੇ ਕਿਸਾਨ ਔਰਤ ਦੀ ਸਥਿਤੀ ਦਾ ਅਧਿਐਨ ਕੀਤਾ ਜਾਵੇਗਾ। ਇਹ ਕਹਾਣੀਆਂ ਕਿਸਾਨ ਔਰਤ ਦੇ ਵੱਖ-ਵੱਖ ਰੂਪਾਂ ਦੀ ਪੇਸ਼ਕਾਰੀ ਕਰਦੀਆਂ ਹਨ। ਇਸ ਖੋਜ-ਪੱਤਰ ਲਈ ਗੁਰਬਚਨ ਸਿੰਘ ਭੁੱਲਰ ਦੀ ਕਹਾਣੀ 'ਬਕੇਵਾਂ' ਅਤੇ 'ਖ਼ੂਨ', ਅਜੀਤ ਪੱਤੋਂ ਦੀ ਕਹਾਣੀ 'ਪੇਕਿਆਂ ਵਾਲੀ ਸਹੁਰਿਆਂ ਵਾਲੀ', ਗੁਰਦੇਵ ਰੁਪਾਣਾ ਦੀ ਕਹਾਣੀ 'ਆਸੋ ਦਾ ਟੱਬਰ', ਬੰਤ ਸਿੰਘ ਚੱਠਾ ਦੀ ਕਹਾਣੀ 'ਸ਼ਹਿਰ ਨਾ ਜਾ' ਅਤੇ ਵਰਿਆਮ ਸੰਧੂ ਦੀ ਕਹਾਣੀ 'ਸੁਨਹਿਰੀ ਕਿਣਕਾ' ਨੂੰ ਆਧਾਰ ਬਣਾਇਆ ਹੈ।*

***ਕੀਵਰਡ (Keyword): ਕਿਸਾਨੀ, ਆਰਥਿਕਤਾ, ਔਰਤ, ਪਰਿਵਾਰ, ਰਿਸ਼ਤੇ ਅਤੇ ਸਭਿਆਚਾਰ।***

ਖੇਤੀ ਪ੍ਰਧਾਨ ਸੂਬਾ ਹੋਣ ਕਰਕੇ ਪੰਜਾਬ ਦੇ ਅਰਥਚਾਰੇ ਵਿੱਚ ਕਿਸਾਨੀ ਦੀ ਮਹੱਤਵਪੂਰਣ ਭੂਮਿਕਾ ਰਹੀ ਹੈ। ਪੰਜਾਬੀ ਸਭਿਆਚਾਰ ਵਿੱਚ ਕਿਸਾਨ ਇੱਕ ਅਜਿਹੇ ਪਾਤਰ ਵਜੋਂ ਹੋਂਦ ਰੱਖਦਾ ਹੈ, ਜੋ ਨਾ ਸਿਰਫ਼ ਖੇਤੀਬਾੜੀ ਨਾਲ ਸੰਬੰਧਤ ਹੈ ਬਲਕਿ ਇੱਕ ਖ਼ਾਸ ਤਰ੍ਹਾਂ ਦੀ ਸਭਿਆਚਾਰਕ ਪ੍ਰਣਾਲੀ ਵਿੱਚ ਕੜੀ ਵਾਂਗ ਕੰਮ ਕਰ ਰਿਹਾ ਹੁੰਦਾ ਹੈ। ਜਿਸ ਦਾ ਸਮਾਜ ਵਿੱਚ ਵਿਚਰਨ, ਬੋਲਚਾਲ, ਰਹਿਣ-ਸਹਿਣ ਆਦਿ ਵਿਭਿੰਨਤਾ ਸਹਿਤ ਪੇਸ਼ ਹੁੰਦਾ ਹੈ ਅਤੇ ਇਹ ਵਿਭਿੰਨਤਾ ਸਮੁੱਚੀ ਸਮਾਜਿਕ ਵਿਵਸਥਾ ਨੂੰ ਪ੍ਰਭਾਵਿਤ ਕਰਨ ਦੇ ਸਮਰੱਥ ਹੁੰਦੀ ਹੈ। ਪੰਜਾਬ ਦੀ ਧਰਤੀ ਉਪਜਾਊ ਅਤੇ ਖੇਤੀਬਾੜੀ ਦੇ ਯੋਗ ਹੈ, ਇੱਥੋਂ ਦੀ ਅੱਧੀ ਤੋਂ ਵੱਧ ਵੱਸੋਂ ਖੇਤੀਬਾੜੀ ਉੱਪਰ ਨਿਰਭਰ ਕਰਦੀ ਹੈ। ਪੁਰਾਤਨ ਸਮੇਂ ਤੋਂ ਹੀ ਇੱਥੋਂ ਦੇ ਲੋਕਾਂ ਦਾ ਮੁੱਖ ਧੰਦਾ ਖੇਤੀਬਾੜੀ ਰਿਹਾ ਹੈ ਅਤੇ ਉਸ ਸਮੇਂ ਵਿੱਚ ਖੇਤੀ ਮੁਢਲੀਆਂ ਲੋੜਾਂ ਨੂੰ ਪੂਰਾ ਕਰਨ ਲਈ ਕੀਤੀ ਜਾਂਦੀ ਸੀ। ਜਿਸ ਕਰਕੇ ਪੰਜਾਬੀ ਸਭਿਆਚਾਰ ਅਤੇ ਇੱਥੋਂ ਦਾ ਅਰਥਚਾਰਾ ਖੇਤੀ ਦੁਆਲੇ ਉੱਸਰਿਆ ਹੋਇਆ ਹੈ। ਪੰਜਾਬ ਵਿੱਚ ਖੇਤੀ ਪਰੰਪਰਾਗਤ ਸੰਦਾ-ਸਾਧਨਾਂ ਨਾਲ ਕੀਤੀ ਜਾਂਦੀ ਸੀ। ਜੋ ਮਨੁੱਖ ਖੇਤੀ ਕਰਦਾ ਹੈ, ਉਸ ਨੂੰ ਕਿਸਾਨ ਕਿਹਾ ਜਾਂਦਾ ਹੈ। ਇਸ ਤਰ੍ਹਾਂ ਕਿਸਾਨ ਇੱਕ ਅਜਿਹੇ ਵਰਗ ਦੀ ਪ੍ਰਤੀਨਿਧਤਾ ਕਰਦਾ ਹੈ, ਜਿਹੜਾ ਜੀਵਨ ਨਿਰਵਾਹ ਲਈ ਆਪਣੇ ਪਰਿਵਾਰ ਦੀ ਸਹਾਇਤਾ ਨਾਲ ਜ਼ਮੀਨ ਤੋਂ ਉਤਪਾਦਨ ਕਰਦਾ ਹੈ। ਇਹ ਆਪਣੀ ਮਾਲਕੀ ਵਾਲੀ, ਥੋੜੀ ਬਹੁਤੀ ਜ਼ਮੀਨ ਹਿੱਸੇ ਜਾਂ ਠੇਕੇ ਤੇ ਲੈ ਕੇ ਅਤੇ ਕੁੱਝ ਕਿਰਤ ਸ਼ਕਤੀ ਖਰੀਦ ਕੇ ਖੇਤੀਬਾੜੀ ਦਾ ਕਿੱਤਾ ਕਰਦਾ ਹੈ।

ਸਾਹਿਤਕ ਦ੍ਰਿਸ਼ਟੀਕੋਣ ਅਨੁਸਾਰ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਵਿਭਿੰਨ ਸਮਾਜਿਕ ਸਰੋਕਾਰਾਂ ਦੀ ਪੇਸ਼ਕਾਰੀ ਕਰਦੀਆਂ ਹਨ। ਪੰਜਾਬੀ ਕਹਾਣੀ ਵੀ ਪੰਜਾਬੀ ਸਾਹਿਤ ਦੀ ਇੱਕ ਅਜਿਹੀ ਵਿਧਾ ਹੈ ਜਿਸ ਵਿੱਚ ਮਨੁੱਖੀ ਜੀਵਨ ਦੀ ਪੇਸ਼ਕਾਰੀ ਬਹੁਤ ਹੀ ਸੂਖਮ ਢੰਗ ਨਾਲ ਕੀਤੀ ਜਾਂਦੀ ਹੈ। ਪੰਜਾਬੀ ਕਹਾਣੀ ਵਿੱਚ ਕਿਸਾਨੀ ਜੀਵਨ ਦੀਆਂ ਸਮੱਸਿਆਵਾਂ ਅਤੇ ਔਕੜਾ ਨੂੰ ਪੇਸ਼ ਕੀਤਾ ਗਿਆ ਹੈ।

ਪੰਜਾਬੀ ਕਹਾਣੀ ਵਿੱਚ ਕਿਸਾਨ ਔਰਤ ਖੇਤੀਬਾੜੀ ਦੇ ਕੰਮਾਂ ਅਤੇ ਪਰਿਵਾਰਿਕ ਰਿਸ਼ਤਿਆਂ ਵਿੱਚ ਵਿਚਰਦੀ ਹੋਈ ਪੇਸ਼ ਹੁੰਦੀ ਹੈ। ਇਸ ਤੋਂ ਇਲਾਵਾ ਕੁਝ ਪਰਿਸਥਿਤੀਆਂ ਅਧੀਨ ਔਰਤ ਆਪਣੀ ਵੱਖਰੀ ਪਛਾਣ ਬਣਾਉਂਦੀ ਹੋਈ ਵੀ ਨਜ਼ਰ ਆਉਂਦੀ ਹੈ। ਜੇਕਰ ਅਸੀਂ ਗੁਰਬਚਨ ਸਿੰਘ ਭੁੱਲਰ ਦੀ ਕਹਾਣੀ 'ਬਕੇਵਾਂ' ਦੇ ਹਵਾਲੇ ਨਾਲ ਗੱਲ ਕਰੀਏ ਤਾਂ ਇਸ ਦੀ ਮੁੱਖ ਪਾਤਰ ਆਸੋ ਦੇ ਸਬਰ, ਸਿਦਕ, ਹਿੰਮਤ ਅਤੇ ਉਸ ਦੀ ਵੱਖਰੀ ਪਛਾਣ ਦੀ ਪੇਸ਼ਕਰੀ ਬੇਮਿਸਾਲ ਹੈ, ਜੋ ਤੀਹ ਸਾਲ ਦੀ ਹੋਣ ਤੋਂ ਪਹਿਲਾਂ ਹੀ ਵਿਧਵਾ ਹੋ ਜਾਂਦੀ ਹੈ। ਪਤੀ ਦੀ ਮੌਤ ਤੋਂ ਬਾਅਦ ਰੋਣ ਦਾ ਰਾਹ ਛੱਡ ਕੇ ਅਜਿਹਾ ਦ੍ਰਿੜ੍ਹਤਾ ਭਰਪੂਰ ਫੈਸਲਾ ਕਰਦੀ ਹੈ ਜਿਸ ਨਾਲ ਸਾਰਾ ਪਿੰਡ ਹੈਰਾਨ ਹੁੰਦਾ ਹੈ। ਆਪਣੇ ਅੱਠ ਸਾਲ ਦੇ ਪੁੱਤਰ ਨੂੰ ਨਾਲ ਲੈ ਕੇ ਖੇਤੀਬਾੜੀ ਦੇ ਕੰਮ ਨੂੰ ਸੰਭਾਲਣ ਦਾ ਬੀੜਾ ਆਪ ਚੁੱਕਦੀ ਹੈ। ਉਹ ਖੇਤੀ ਦਾ ਸਾਰਾ ਕੰਮ ਜਿਵੇਂ ਹਲ

 Received: 05 Nov. 2025 Accepted: 30 Nov. 2025 Published: 05 Dec. 2025

ਵਾਹੁਣ ਤੋਂ ਲੈ ਕੇ ਗੁਡਾਈ ਕਰਨੀ, ਪਾਣੀ ਲਾਉਣਾ, ਫਸਲ ਦੀ ਵਾਢੀ ਕਰਨੀ ਅਤੇ ਪਿੜ ਕੱਢਣਾ ਆਦਿ ਸਭ ਆਪ ਸੰਭਾਲਦੀ ਹੈ ਅਤੇ ਪਿੰਡ ਵਿੱਚ ਅਣਥੱਕ ਮਿਹਨਤ ਸਦਕਾ ਸਤਿਕਾਰ ਅਤੇ ਪ੍ਰਸ਼ੰਸਾ ਦੀ ਪਾਤਰ ਬਣਦੀ ਹੈ:

*ਆਸੋ ਤੀਵੀਂ ਤੋਂ ਬੰਦਾ ਬਣ ਗਈ ਸੀ। ਆਸੋ ਗੁਰਦੇਵ ਦਾ ਪਿਉ ਬਣ ਗਈ ਸੀ। ਆਸੋ ਆਪਣਾ ਘਰਵਾਲਾ ਆਪ ਬਣ ਗਈ ਸੀ।* [1]

ਇਸ ਤਰ੍ਹਾਂ ਇਸ ਕਹਾਣੀ ਵਿੱਚ ਕਿਸਾਨ ਔਰਤ ਦੀ ਸਵੈ-ਨਿਰਭਰਤਾ ਅਤੇ ਰੂਪਾਂਤਰਣ ਦਾ ਬਿਰਤਾਂਤ ਸਿਰਜਿਆ ਗਿਆ ਹੈ। ਕਹਾਣੀਕਾਰ ਉਸਨੂੰ ਬੇਸਹਾਰਾ ਵਿਧਵਾ ਵਜੋਂ ਨਹੀਂ ਸਗੋਂ ਕਰਮੀ ਔਰਤ ਵਜੋਂ ਪੇਸ਼ ਕਰਦਾ ਹੈ। ਮਰਦ ਪ੍ਰਧਾਨ ਕਿਸਾਨੀ ਸਮਾਜ ਵਿੱਚ ਉਸ ਨੂੰ ਸਿਰੜ, ਸਿਦਕ ਅਤੇ ਪੇਂਡੂ ਸਭਿਆਚਾਰਕ ਕਦਰਾਂ-ਕੀਮਤਾਂ ਨਾਲ ਭਰਪੂਰ ਮਹਾਨ ਔਰਤ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਇੱਥੇ 'ਬੰਦਾ' ਸ਼ਬਦ ਦੇ ਅਰਥ ਮਰਦਾਨਗੀ ਦੀ ਪ੍ਰਸ਼ੰਸਾ ਜਾਂ ਨਕਲ ਨਹੀਂ ਸਗੋਂ ਮਨੁੱਖੀ ਸਮਾਨਤਾ ਦੀ ਉਹ ਅਵਸਥਾ ਹੈ ਜਿੱਥੇ ਔਰਤ ਖੁਦਮੁਖਤਿਆਰ ਹੋ ਜਾਂਦੀ ਹੈ। ਇਸ ਤਰ੍ਹਾਂ ਆਸੋ ਵੀ ਸਮਾਜ ਦੁਆਰਾ ਪਰਿਭਾਸ਼ਿਤ ਤੀਵੀਂ ਨਹੀਂ ਰਹਿੰਦੀ ਸਗੋਂ ਆਪਣੀ ਅਸਲੀ ਮਨੁੱਖੀ ਹਸਤੀ ਦੇ ਰੂਪ ਵਿੱਚ ਪੇਸ਼ ਹੁੰਦੀ ਹੈ। ਇੱਥੇ ਆਸੋ ਦਾ ਵਿਧਵਾ ਹੋਣਾ ਉਸਦੇ ਜੀਵਨ ਦਾ ਅੰਤ ਨਹੀਂ ਸਗੋਂ ਪੁਨਰ-ਜਨਮ ਹੈ ਜੋ ਕਿਸਾਨ ਔਰਤ ਦੀ ਮਿਹਨਤ ਅਤੇ ਚੁੱਪ ਨੂੰ ਅਵਾਜ਼ ਦਿੰਦੀ ਹੈ।

ਗੁਰਬਚਨ ਸਿੰਘ ਭੁੱਲਰ ਦੀ ਹੀ ਇੱਕ ਹੋਰ ਕਹਾਣੀ 'ਖ਼ੂਨ' ਦਾ ਜਦੋਂ ਅਧਿਐਨ ਕਰਦੇ ਹਾਂ ਤਾਂ ਇਸ ਦਾ ਮੁੱਖ ਪਾਤਰ ਭਾਵੇਂ ਕਰਤਾਰਾ ਹੈ, ਜਿਸਦਾ ਜੱਗਰ ਦੇ ਕਤਲ ਵਿੱਚ ਅਸਿੱਧੇ ਤੌਰ 'ਤੇ ਹੱਥ ਮੰਨਿਆ ਜਾਂਦਾ ਹੈ। ਉਹ ਆਪਣੀਆਂ ਜਗੀਰੂ ਕਦਰਾਂ-ਕੀਮਤਾਂ ਅਧੀਨ ਜੱਗਰ ਦੀ ਵਿਧਵਾ ਪਤਨੀ 'ਤੇ ਆਪਣਾ ਹੱਕ ਸਮਝਦਾ ਹੈ ਅਤੇ ਇਸ ਦੇ ਨਾਲ ਹੀ ਉਸ ਨੂੰ 15 ਘੁਮਾਂ ਜ਼ਮੀਨ ਦਾ ਵੀ ਲਾਲਚ ਹੁੰਦਾ ਹੈ ਤਾਂ ਜੋ ਉਹ ਪਿੰਡ ਵਿੱਚ ਸਰਦਾਰ ਅਖਵਾ ਸਕੇ। ਕੁਲਵੰਤੋ ਭਾਵੇਂ ਆਸੋ ਵਾਂਗ ਨਿਆਸਰੀ ਹੋ ਜਾਂਦੀ ਹੈ ਤਾਂ ਵੀ ਉਹ ਬੜੀ ਬੇਬਾਕੀ ਨਾਲ ਕਰਤਾਰੇ ਦੀ ਪੇਸ਼ਕਸ਼ ਨੂੰ ਠੁਕਰਾਉਂਦੀ ਹੋਈ ਕਹਿੰਦੀ ਹੈ:

*ਕਰਤਾਰਿਆ, ਤੂੰ ਮੇਰੇ ਨਾਲ ਇਹੋ ਜਿਹੀ ਗੱਲ ਕਰਨ ਦਾ ਜੇਰਾ ਕਿਵੇਂ ਕੀਤਾ? ਅਜੇ ਤਾਂ ਮਰਨ ਵਾਲੇ ਦਾ ਊਂ ਵੀ ਸਿਵਾ ਠੰਡਾ ਨਹੀਂ ਹੋਇਆ, ਪਰ ਮੇਰੇ ਵਾਸਤੇ ਤਾਂ ਸਾਰੀ ਉਮਰ ਨਹੀਂ ਠਰਨਾ।* [2]

ਇਸ ਤਰ੍ਹਾਂ ਕੁਲਵੰਤੋ ਕਿਸਾਨੀ ਮਾਨਸਿਕਤਾ ਵਿੱਚ ਪਈਆਂ ਜਗੀਰੂ ਕਦਰਾਂ-ਕੀਮਤਾਂ ਨੂੰ ਵੰਗਾਰਦੀ ਹੈ। ਕੁਲਵੰਤੋ ਆਪਣਾ ਰਾਹ ਆਪ ਚੁਣਦੀ ਹੈ ਅਤੇ ਆਪਣੇ ਆਪ ਨੂੰ ਕਰਤਾਰੇ ਦੀ ਜਗੀਰ ਨਹੀਂ ਬਣਨ ਦਿੰਦੀ। ਆਪਣੇ ਦੋ ਸਾਲ ਦੇ ਮੁੰਡੇ ਨੂੰ ਲੈ ਕੇ ਪੇਕੇ ਘਰ ਰਹਿਣ ਲੱਗ ਜਾਂਦੀ ਹੈ ਪਰ ਕਰਤਾਰੇ ਨਾਲ ਵੱਸਣ ਤੋਂ ਇਨਕਾਰ ਕਰ ਦਿੰਦੀ ਹੈ। ਜ਼ਮੀਨ ਆੜ੍ਹਤੀਏ ਰਾਹੀਂ ਠੇਕੇ ਤੇ ਦੇ ਜਾਂਦੀ ਹੈ। ਉਹ ਆਪਣੀ ਔਲਾਦ ਨੂੰ ਚੰਗਾ ਮਾਹੌਲ ਦੇਣ ਲਈ ਪੇਕੇ ਜਾਣ ਦਾ ਫੈਸਲਾ ਕਰਦੀ ਹੈ ਤਾਂ ਕਿ ਬੱਚੇ ਦੇ ਕੋਮਲ ਮਨ 'ਤੇ ਕਤਲ ਵਰਗੀਆਂ ਭਿਆਨਕ ਗੱਲਾਂ ਦਾ ਪਰਛਾਵਾਂ ਤੱਕ ਨਾ ਪਵੇ। ਉਹ ਬੱਚੇ ਦੇ ਮਨ ਵਿੱਚ ਕਰਤਾਰੇ ਪ੍ਰਤਿ ਨਫ਼ਰਤ ਨਹੀਂ ਸਗੋਂ ਮਨੁੱਖਤਾ ਅਤੇ ਮੋਹ ਦੇ ਰਿਸ਼ਤਿਆਂ ਵਿੱਚ ਵਿਸ਼ਵਾਸ਼ ਦੀ ਭਾਵਨਾ ਦਾ ਨਿਰਮਾਣ ਕਰਦੀ ਹੈ ਹੈ ਜਦੋਂ ਬੱਚਾ ਕਹਿੰਦਾ ਹੈ:

*ਮੈਨੂੰ ਕੌਣ ਹੱਥ ਲਾਊ। ਮਾਲਵੇ ਵਿੱਚ ਮੇਰਾ ਸ਼ੇਰ ਵਰਗਾ ਚਾਚਾ ਐ, ਕਰਤਾਰਾ। ਡਕਰੇ ਕਰ ਦੇਊ।* [3]

ਇਸ ਤਰ੍ਹਾਂ ਕਹਾਣੀ ਵਿੱਚ ਜਦੋਂ ਬੱਚਾ ਕਤਲ ਦੇ ਇਰਾਦੇ ਨਾਲ ਆਏ ਚਾਚੇ ਨੂੰ 'ਸ਼ੇਰ ਵਰਗਾ ਚਾਚਾ' ਕਹਿ ਕੇ ਰੱਖਿਅਕ ਵਜੋਂ ਸੰਬੋਧਨ ਕਰਦਾ ਹੈ ਤਾਂ ਕਰਤਾਰੇ ਅੰਦਰ ਮਨੁੱਖਤਾ ਅਤੇ ਪਿਆਰ ਦੀ ਚਿਣਗ ਜਾਗ ਜਾਂਦੀ ਹੈ ਅਤੇ ਉਹ ਆਪਣੇ ਭਤੀਜੇ ਨੂੰ ਜ਼ੱਫੀ ਵਿੱਚ ਘੁੱਟ ਲੈਂਦਾ ਹੈ। ਇਸ ਪ੍ਰਕਾਰ ਕਤਲ ਦੇ ਇਰਾਦੇ ਨਾਲ ਆਇਆ ਕਰਤਾਰਾ ਸੁਰੱਖਿਆ ਦਾ ਪ੍ਰਤੀਕ ਬਣ ਜਾਂਦਾ ਹੈ। ਬੱਚੇ ਦੇ ਇਹ ਬੋਲ ਕੁਲਵੰਤੋ ਦੀ ਉੱਚੀ ਮਾਨਸਿਕਤਾ ਦੀ ਪੇਸ਼ਕਾਰੀ ਕਰਦੇ ਹਨ ਕਿ ਉਹ ਨਫ਼ਰਤ ਨਹੀਂ ਸਗੋਂ ਮੋਹ, ਪਿਆਰ, ਵਿਸ਼ਵਾਸ਼ ਅਤੇ ਮਨੁੱਖਤਾ ਨੂੰ ਜਿਉਂਦਾ ਰੱਖਦੀ ਹੈ। ਕਹਾਣੀਕਾਰ ਨਾਰੀ ਨੂੰ ਨਿਡਰ ਅਤੇ ਸਮਾਜ ਵਿੱਚ ਚੰਗੇ ਸੰਸਕਾਰਾਂ ਦੀ ਸਿਰਜਕ ਦੇ ਰੂਪ ਵਿੱਚ ਪੇਸ਼ ਕਰਦਾ ਹੈ।

ਅਜੀਤ ਸਿੰਘ ਪੱਤੋ ਦੀ ਕਹਾਣੀ 'ਪੇਕਿਆਂ ਵਾਲੀ, ਸਹੁਰਿਆਂ ਵਾਲੀ' ਬਲਜੀਤ ਦੀ ਮਾਨਸਿਕ ਅਵਸਥਾ ਦੀ ਪੇਸ਼ਕਾਰੀ ਕਰਦੀ ਹੋਈ ਇਹ ਸਵਾਲ ਵੀ ਉਠਾਉਂਦੀ ਹੈ ਕਿ ਪੇਕੇ ਅਤੇ ਸਹੁਰੇ ਦੋ ਘਰ ਹੋਣ ਦੇ ਬਾਵਜੂਦ ਵੀ ਔਰਤ ਦਾ ਘਰ ਕਿਹੜਾ ਹੈ? ਜਿਸ ਨੂੰ ਉਹ ਆਪਣਾ ਕਹਿ ਸਕੇ। ਬਲਜੀਤ ਦੇ ਅੱਠਵੀ ਜਮਾਤ 'ਚ ਪੜ੍ਹਦਿਆਂ ਮਾਂ ਦੀ ਮੌਤ ਹੋ ਜਾਂਦੀ ਹੈ ਅਤੇ ਪੜ੍ਹਾਈ ਵੀ ਛੁੱਟ ਜਾਂਦੀ ਹੈ। ਪਰਿਵਾਰਿਕ ਜ਼ਿੰਮੇਵਾਰੀਆਂ ਦਾ ਸਾਰਾ ਬੋਝ ਬਲਜੀਤ ਆਪਣੇ ਮੋਢਿਆਂ 'ਤੇ ਚੁਕਦੀ ਹੈ। ਇੱਕ ਮਾਂ ਦੀ ਤਰ੍ਹਾਂ ਆਪਣੇ ਸਾਰੇ ਚਾਅ ਪਿੱਛੇ ਰੱਖ ਕੇ ਦੋਵੇਂ ਭਰਾਵਾਂ ਦਾ ਪਾਲਣ-ਪੋਸ਼ਣ ਕਰਦੀ ਹੈ ਅਤੇ ਭਰਾਵਾਂ ਦੇ ਵਿਆਹ ਤੱਕ ਸਾਰੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਦੀ ਹੈ।

ਵਿਆਹ ਤੋਂ ਬਾਅਦ ਆਪਣੇ ਸਹੁਰੇ ਘਰ ਵੀ ਆਪਣੇ ਸਾਰੇ ਫ਼ਰਜ ਬਾਖ਼ੂਬੀ ਨਿਭਾਉਂਦੀ ਹੈ ਪਰ ਉਸ ਦੇ ਪਿਤਾ ਦੀ ਅਚਾਨਕ ਮੌਤ ਤੋਂ ਬਾਅਦ ਸਭ ਕੁਝ ਬਦਲ ਜਾਂਦਾ ਹੈ ਜਦੋਂ ਉਸ ਦੀ ਮਾਂ ਵਰਗੀ ਸੱਸ ਅਤੇ ਪਤੀ ਉਸ ਨੂੰ ਭਰਾਵਾਂ ਤੋਂ ਹਿੱਸਾ ਲਿਆਉਣ ਲਈ ਕਹਿੰਦੇ ਹਨ। ਇੱਕ ਵਾਰ ਤਾਂ ਉਹ ਬੜੀ ਹਿੰਮਤ ਅਤੇ ਦਲੇਰੀ ਨਾਲ ਜਵਾਬ ਦਿੰਦੀ ਹੋਈ ਕਹਿੰਦੀ ਹੈ:

*ਮੈਂ ਭੈਣ ਹਾਂ ਜੀ, ਡੈਣ ਨਹੀਂ ਬਣ ਸਕਦੀ।* [4]

ਬਲਜੀਤ ਦੀ ਆਪਣੀ ਕਹੀ ਗੱਲ ਹੀ ਪੰਜਾਬੀ ਸਮਾਜ ਵਿੱਚ ਔਰਤ ਦੀ ਕਮਜ਼ੋਰ ਸਥਿਤੀ ਨੂੰ ਬਿਆਨ ਕਰਦੀ ਹੈ। ਪੰਜਾਬੀ ਸਭਿਆਚਾਰ ਵਿੱਚ ਭਰਾਵਾਂ ਤੋਂ ਹਿੱਸਾ ਵੰਡਾਉਣ ਵਾਲੀ ਭੈਣ ਦੀ ਤੁਲਣਾ ਡੈਣ ਨਾਲ ਕੀਤੀ ਜਾਂਦੀ ਹੈ। ਪੰਜਾਬੀ ਸਭਿਆਚਾਰ ਵਿੱਚ ਬਲਜੀਤ ਦੇ ਬੋਲ ਔਰਤ ਨੂੰ ਪੇਕਿਆਂ ਨਾਲ ਰਿਸ਼ਤਾ ਬਣਾਈ ਰੱਖਣ ਲਈ ਆਪਣੇ ਕਾਨੂੰਨੀ ਹੱਕਾਂ ਦਾ ਤਿਆਗ ਕਰਨ ਨੂੰ ਉਤਸ਼ਾਹਿਤ ਕਰਦੇ ਹਨ।

ਬਲਜੀਤ ਦੀ ਸੱਸ ਉਹਨਾਂ ਧਾਰਮਿਕ ਪਾਖੰਡਾਂ ਅਤੇ ਧਰਮ ਕਰਮ ਦਾ ਦਿਖਾਵਾ ਕਰਨ ਵਾਲੀਆਂ ਔਰਤਾਂ ਦੀ ਪ੍ਰਤੀਨਿੱਧਤਾ ਕਰਦੀ ਹੈ, ਜੋ ਆਪਣੇ ਲਾਲਚ ਅਤੇ ਖ਼ੁਦਗ਼ਰਜ਼ੀ ਅਨੁਸਾਰ ਗੁਰਬਾਣੀ ਦੀ ਵਿਆਖਿਆ ਕਰਦੀਆਂ ਹਨ ਅਤੇ ਗੁਰਬਾਣੀ ਦੇ ਅਰਥਾਂ ਨੂੰ ਆਪਣੇ ਅਨੁਸਾਰ ਢਾਲਦੇ ਹੋਏ ਆਪਣੇ ਫੈਸਲੇ ਨੂੰ ਸਹੀ ਸਿੱਧ ਕਰਨ ਦਾ ਯਤਨ ਕਰਦੀਆਂ ਹਨ। ਦੂਜੇ ਪਾਸੇ ਬਲਜੀਤ ਦੇ ਭਰਾ, ਜਿਨ੍ਹਾਂ ਨੂੰ ਉਹ ਪੁੱਤਾਂ ਵਾਂਗ ਪਾਲਦੀ ਹੈ ਉਹ ਵੀ ਉਸ ਤੋਂ ਕਿਨਾਰਾ ਕਰ ਜਾਂਦੇ ਹਨ ਅਤੇ ਜ਼ਮੀਨ

ਦਾ ਹਿੱਸਾ ਦੇਣ ਤੋਂ ਇਨਕਾਰ ਕਰ ਦਿੰਦੇ ਹਨ। ਇਸ ਤਰ੍ਹਾਂ ਕਹਾਣੀ ਬਲਜੀਤ ਦੀ ਬੇਬਸ ਅਤੇ ਤਰਸਯੋਗ ਹਾਲਤ ਦਾ ਬਿਰਤਾਂਤ ਸਿਰਜਦੀ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਇਹ ਇਕੱਲੀ ਬਲਜੀਤ ਦੀ ਹੋਣੀ ਨਹੀਂ ਪੰਜਾਬੀ ਸਭਿਆਚਾਰ ਵਿੱਚ ਹਰ ਉਸ ਕਮਜ਼ੋਰ ਅਤੇ ਲਾਚਾਰ ਔਰਤ ਦੀ ਹੋਣੀ ਹੈ ਜੋ ਨਾ ਆਪਣੇ ਸਹੁਰਿਆਂ ਨੂੰ ਜਵਾਬ ਦੇ ਸਕਦੀ ਹੈ ਨਾ ਹੀ ਪੇਕਿਆਂ ਤੋਂ ਹੱਕ ਮੰਗ ਸਕਦੀ ਹੈ।

ਗੁਰਦੇਵ ਸਿੰਘ ਰੁਪਾਣਾ ਦੀ ਕਹਾਣੀ 'ਆਸੋ ਦਾ ਟੱਬਰ' ਔਰਤ ਦੇ ਵੱਖ-ਵੱਖ ਰੂਪਾਂ ਦੀ ਪੇਸ਼ਕਾਰੀ ਕਰਦੀ ਹੈ। ਇਸ ਕਹਾਣੀ ਦੀ ਮੁੱਖ ਪਾਤਰ ਆਸੋ ਪਤੀ ਦੇ ਹੁੰਦਿਆਂ ਵੀ ਵਿਧਵਾ ਵਾਲਾ ਜੀਵਨ ਹੰਢਾਉਂਦੀ ਹੈ। ਬਿਮਾਰ ਪਤੀ ਦੀ ਗ਼ੈਰਹਾਜ਼ਰੀ ਵਿੱਚ ਕਿਵੇਂ ਉਹ ਖੇਤੀਬਾੜੀ ਦਾ ਕੰਮ ਸੰਭਾਲਦੀ ਹੈ। ਮੁਕੱਦਮੇ ਦੀ ਮਾਰ ਅਤੇ ਸ਼ਰੀਕਾਂ ਦੀਆਂ ਵਧੀਕੀਆਂ ਸਹਿੰਦੀ ਹੋਈ ਤੰਗੀਆ-ਤੁਰਸ਼ੀਆਂ ਵਿੱਚ ਘਰ ਦੀ ਕਬੀਲਦਾਰੀ ਨਾਲ ਦੋ ਹੱਥ ਕਰਦੀ ਹੋਈ ਸੰਘਰਸ਼ ਕਰਦੀ ਹੈ:

*ਘਰ ਵਿੱਚ ਕੋਈ ਔਰਤ ਨਹੀਂ ਸੀ। ਬਾਲੜੀ ਆਸੋ ਦੇ ਉੱਤੇ ਘਰ ਦੀ ਕਬੀਲਦਾਰੀ ਦਾ ਬੋਝ ਪੈ ਗਿਆ, ਫੇਰ ਮੁਕੱਦਮਾ ਆ ਪਿਆ। ਕਿਵੇਂ ਆਸੋ ਨੇ ਸੁਹਾਗਣ ਹੁੰਦੇ ਹੋਏ ਵੀ ਵਿਧਵਾ ਵਾਲੀ ਜ਼ਿੰਦਗੀ ਬਿਤਾਈ ਸੀ। ਘਰ ਨੂੰ ਸੰਭਾਲੀ ਰੱਖਣ ਵਾਸਤੇ ਉਸ ਨੇ ਕਿਤਨੇ ਦੁੱਖ ਉਠਾਏ ਸਨ।* [5]

ਇਸ ਤਰ੍ਹਾਂ ਕਹਾਣੀ ਆਸੋ ਦੇ ਦੁੱਖ-ਤੱਕਲੀਫਾਂ, ਤੰਗੀਆਂ, ਲੋਕਾਂ ਦੇ ਤਾਹਨੇ-ਮਿਹਣੇ ਸਹਿੰਦੀ ਹੋਏ ਮਰਦ ਪ੍ਰਧਾਨ ਸਮਾਜ ਵਿੱਚ ਇੱਜ਼ਤ ਦੀ ਰੱਖਿਆ ਲਈ ਕੀਤੇ ਗਏ ਸੰਘਰਸ਼ ਦਾ ਬਿਰਤਾਂਤ ਹੈ। ਲੋਕ ਮਦਦ ਕਰਨ ਬਦਲੇ ਆਸੋ ਤੋਂ ਉਸਦੀ ਇੱਜ਼ਤ ਦਾ ਮੁੱਲ ਮੰਗਦੇ ਸਨ। ਕਿਸ ਤਰ੍ਹਾਂ ਉਸ ਨੇ ਆਪਣੇ-ਆਪ ਨੂੰ ਬਚਾ ਕੇ ਰੱਖਿਆ ਤਾਂ ਜੋ ਉਸ ਦੇ ਪੁੱਤਰ ਅਣਖ ਨਾਲ ਜਿਉਂ ਸਕਣ। ਉਹੀ ਪੁੱਤਰ ਜਦੋਂ ਉਹਨਾਂ ਨੂੰ ਆਸੋ ਦੇ ਗਰਭਵਤੀ ਹੋਣ ਦਾ ਪਤਾ ਚਲਦਾ ਹੈ ਤਾਂ ਜ਼ਮੀਨ ਦੇ ਲਾਲਚ ਕਾਰਨ ਉਸ ਤੋਂ ਮੂੰਹ ਮੋੜ ਲੈਂਦੇ ਹਨ। ਜਦੋਂ ਆਸੋ ਨੂੰ ਗੁਰਜੰਟ ਜ਼ਮੀਨ 'ਚੋ ਚੌਥਾ ਹਿੱਸਾ ਦੇਣ ਤੋਂ ਇਨਕਾਰ ਕਰਦਾ ਹੈ ਤਾਂ ਆਸੋ ਜਵਾਬ ਦਿੰਦੀ ਹੋਈ ਕਹਿੰਦੀ ਹੈ:

*"ਮੈਂ ਤੇਰੇ ਨਾਲ ਨਹੀਂ ਰੁਲਦੀ ਰਹੀ। ਕਿਹੜਾ ਕੰਮ ਤੂੰ ਇਕੱਲੇ ਨੇ ਕੀਤਾ ਸੀ। ਹਲ਼ ਨਹੀਂ ਤੇਰੇ ਨਾਲ ਵਾਹਿਆ ਮੈਂ? ਪਾਣੀ ਨਹੀਂ ਤੇਰੇ ਨਾਲ ਲਾਏ ਮੈਂ? ਕਿ ਵਾਢੀ ਨਹੀਂ ਕੀਤੀ? ਦਸ ਸਾਲ ਤੇਰੇ ਤੋਂ ਪਹਿਲਾਂ ਹੀ ਲੱਗੀ ਆਂ ਏਸ ਭੁੱਗੇ ਨੂੰ ਬੰਨ੍ਹਣ ...ਅੱਜ ਤੂੰ ਬਣ ਗਿਆ ਵੱਡਾ ਮਰਦ...ਤੇ ਮੈਂ ਰਹਿ ਗਈ ਤੀਵੀ-ਮਾਨੀ।* [6]

ਇਸ ਤਰ੍ਹਾਂ ਆਸੋ ਸਿਰਫ਼ ਘਰੇਲੂ ਜ਼ਿੰਮੇਵਾਰੀਆਂ ਤੱਕ ਸੀਮਤ ਨਹੀਂ ਰਹਿੰਦੀ ਸਗੋਂ ਹੱਲ ਵਾਹੁਣ ਤੋਂ ਲੈ ਕੇ ਪਾਣੀ ਲਾਉਣ ਤੱਕ ਖੇਤੀਬਾੜੀ ਦਾ ਸਾਰਾ ਕੰਮ ਮੁੰਡਿਆਂ ਦੇ ਬਰਾਬਰ ਕਰਦੀ ਹੈ। ਇਸ ਕਹਾਣੀ ਵਿੱਚ ਕਿਸਾਨ ਔਰਤ ਦੇ ਅੰਦਰ ਜਾਗਦੀ ਸਵੈ-ਪਛਾਣ ਨੂੰ ਪੇਸ਼ ਕੀਤਾ ਗਿਆ ਹੈ। ਜਿਹਨਾਂ ਪੁੱਤਰਾਂ ਲਈ ਖੇਤਾਂ ਵਿੱਚ ਮਿਹਨਤ ਮੁਸ਼ਕਤ ਕਰਦੀ ਹੈ ਉਹੀ ਉਸ ਤੋਂ ਮੂੰਹ ਫੇਰ ਲੈਂਦੇ ਹਨ। ਇਸ ਤਰ੍ਹਾਂ ਆਸੋ ਔਲਾਦ ਦੇ ਅਜਿਹੇ ਵਤੀਰੇ ਨੂੰ ਦੇਖ ਕੇ ਟੁੱਟ ਜਾਂਦੀ ਹੈ। ਉਹ ਆਪਣੇ ਪੇਟ ਵਿੱਚ ਪਲ ਰਹੇ ਬੱਚੇ ਨੂੰ ਗਿਰਾਉਣ ਦਾ ਫੈਸਲਾ ਕਰਦੀ ਹੈ ਅਤੇ ਅੰਤ ਨੂੰ ਮੌਤ ਦੇ ਮੂੰਹ ਵਿੱਚ ਚਲੀ ਜਾਂਦੀ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿਸਾਨੀ ਸਮਾਜ ਵਿੱਚ ਜ਼ਮੀਨ ਦਾ ਲਾਲਚ ਸਭ ਰਿਸ਼ਤਿਆਂ ਤੇ ਭਾਰੂ ਪੈ ਜਾਂਦਾ ਹੈ।

ਬੰਤ ਸਿੰਘ ਚੱਠਾ ਦੀ ਕਹਾਣੀ 'ਸ਼ਹਿਰ ਨਾ ਜਾਹ' ਦੀ ਇਸਤਰੀ ਪਾਤਰ ਸੀਬੋ ਨਸ਼ੇੜੀ ਪਤੀ ਅਤੇ ਮਾੜੇ ਆਰਥਿਕ ਹਾਲਾਤਾਂ ਕਰਕੇ ਘਰ ਦੀ ਕਬੀਲਦਾਰੀ ਆਪਣੇ ਹੱਥ ਵਿੱਚ ਲੈਂਦੀ ਹੈ ਪਰ ਸੀਬੋ ਦੇਹ ਵਪਾਰ ਦਾ ਭਿਆਨਕ ਰਾਹ ਚੁਣਦੀ ਹੈ। ਸੀਬੋ ਸੋਹਣੀ ਸੁਨੱਖੀ ਮੁਟਿਆਰ ਹੈ ਜਿਸਦਾ ਵਿਆਹ ਮੋਦਨ ਨਾਲ ਹੋ ਜਾਂਦਾ ਹੈ। ਮੋਦਨ ਸੀਬੋ ਦੇ ਕਹਿਣ ਤੇ ਸ਼ਰਾਬ ਤਾਂ ਛੱਡ ਦਿੰਦਾ ਪਰ ਹੋਰ ਨਸ਼ਾ ਕਰਨ ਲਗ ਜਾਂਦਾ ਹੈ। ਮੋਦਨ ਦੇ ਨਸ਼ੇ ਕਰਕੇ ਜ਼ਮੀਨ ਗਹਿਣੇ ਹੋ ਜਾਂਦੀ ਹੈ ਇਥੋਂ ਤੱਕ ਮੋਦਨ ਆਪਣੇ ਨਸ਼ੇ ਦੀ ਤੋੜ ਕਾਰਣ ਘਰ ਦੇ ਭਾਂਡੇ ਵੀ ਵੇਚ ਦਿੰਦਾ ਹੈ। ਆੜ੍ਹਤੀਏ ਦਾ ਕਰਜ਼ਾ ਸੀਬੋ ਬਾਕੀ ਰਹਿੰਦੀ ਜ਼ਮੀਨ ਗਹਿਣੇ ਰੱਖ ਕੇ ਮੋੜ ਦਿੰਦੀ ਹੈ।

ਕਹਾਣੀ ਘਰ ਦੀ ਮਾੜੀ ਆਰਥਿਕ ਹਾਲਤ, ਜਵਾਕਾਂ ਦੀ ਚਿੰਤਾ ਅਤੇ ਘਰ ਦੀ ਇੱਜ਼ਤ ਦੇ ਖਿਆਲਾਂ ਨੂੰ ਲੈ ਕੇ ਸੀਬੋ ਦੀ ਦੋਫਾੜ ਹੋਈ ਮਾਨਸਿਕਤਾ ਦੀ ਪੇਸ਼ਕਾਰੀ ਕਰਦੀ ਹੈ। ਕਿ ਕਿਵੇਂ ਸੀਬੋ ਉੱਪਰ ਨੈਤਿਕਤਾ ਅਤੇ ਘਰ ਦੀ ਇੱਜ਼ਤ ਨਾਲੋਂ ਉਸ ਦੇ ਆਰਥਿਕ ਹਾਲਾਤ ਭਾਰੂ ਪੈ ਜਾਂਦੇ ਹਨ:

*ਫਿਰ ਉਹ ਆਪਣੇ ਮਨ ਨੂੰ ਝੂਠੀ ਜਿਹੀ ਤੱਸਲੀ ਦਿੰਦੀ ਸੋਚਦੀ, "ਚਲੋ ਜੇ ਮੇਰੇ ਸ਼ਹਿਰ ਜਾਣ ਦਾ ਕਿਸੇ ਨੂੰ ਪਤਾ ਲਗ ਜੂ। ਤਾਂ ਫੇਰ ਮੈਨੂੰ ਕਿਹੜਾ ਕਿਸੇ ਦਾ ਡਰ ਐ? ਐਥੇ ਕਿਹੜਾ ਹਰੇਕ ਦੀ ਇੱਜ਼ਤ ਰੁਮਾਲ ਦੇ ਕੇ ਢਕੀ ਪਈ ਏ। ਮੇਰੀ ਤਾਂ ਮਜਬੂਰੀ ਐ।* [7]

ਇਸ ਤਰ੍ਹਾਂ ਸੀਬੋ ਆਪਣੇ ਮਾਨਸਿਕ ਡਰ ਨੂੰ ਕਾਬੂ ਕਰਨ ਦਾ ਯਤਨ ਕਰਦੀ ਆਪਣੇ ਫੈਸਲੇ ਨੂੰ ਸਹੀ ਠਹਿਰਾਉਣ ਦਾ ਯਤਨ ਕਰਦੀ ਹੈ। ਉਹ ਸੀਬੋ ਜਿਸਨੇ ਕਦੇ ਪੈਰ ਵੀ ਘਰੋਂ ਬਾਹਰ ਨਹੀਂ ਪੁੱਟਿਆ ਹੁੰਦਾ ਅੱਕ ਕੇ ਤੇਜੋ ਨਾਲ ਸ਼ਹਿਰ ਜਾਣ ਲਗ ਜਾਂਦੀ ਹੈ ਅਤੇ ਜ਼ਮੀਰ ਵੇਚਨ ਦੇ ਭਿਆਨਕ ਧੰਦੇ ਵਿੱਚ ਪੈ ਜਾਂਦੀ ਹੈ। ਜਦੋਂ ਮੋਦਨ ਨੂੰ ਸੀਬੋ ਦੇ ਸ਼ਹਿਰ ਜਾਣ ਦਾ ਪਤਾ ਚਲਦਾ ਹੈ ਤਾਂ ਉਹ ਮੋਦਨ ਨੂੰ ਇਸ ਦਾ ਜ਼ਿੰਮੇਵਾਰ ਠਹਿਰਾਉਂਦੀ ਹੈ ਅਤੇ ਉਸ ਦੀ ਅਣਖ ਤੇ ਸਵਾਲ ਉਠਾਉਂਦੀ ਹੋਈ ਕਹਿੰਦੀ ਹੈ:

*ਗੁੱਸੇ 'ਚ ਸੀਬੋ ਦੀ ਭੁੱਬ ਨਿਕਲ ਗਈ। ਫਿਰ ਉਹ ਮੋਦਨ ਦੇ ਨੇੜੇ ਹੁੰਦੀ ਬੋਲੀ, "ਦੱਸਾਂ ਜੱਟਾ, ਮੈ ਕਿੱਥੇ ਜਾਨੀਂ ਆਂ? ਜੇ ਅਣਖ ਹੋਈ ਤਾਂ ਮਰਜੀਂ ਮੇਰੇ ਢਿੱਡ 'ਚ ਟੱਕਰ ਮਾਰਕੇ। ਮੈਂ ਹੁਣ ਆਪਣੇ ਹੱਡ ਬੇਚ ਕੇ ਆਉਨੀ ਆਂ ਬਾਹਰ ਸ਼ਹਿਰ ਜਾਕੇ।* [8]

ਇਸ ਤਰ੍ਹਾਂ ਸੀਬੋ ਬੜੀ ਹਿੰਮਤ ਅਤੇ ਦਲੇਰੀ ਨਾਲ ਮੋਦਨ ਤੇ ਚੋਟ ਕਰਦੀ ਉਸਦੀ ਮਰੀ ਹੋਈ ਜ਼ਮੀਰ ਨੂੰ ਜਗਾਉਣ ਦੀ ਕੋਸ਼ਿਸ਼ ਕਰਦੀ ਹੈ। ਸੀਬੋਂ ਦੀਆਂ ਖਰੀਆਂ-ਖਰੀਆਂ ਸੁਣ ਕੇ ਮੋਦਨ ਨਸ਼ਾ ਛੱਡਣ ਦੀ ਕੋਸ਼ਿਸ਼ ਕਰਦਾ ਹੈ ਪਰ ਅਸਫਲ ਹੁੰਦਾ ਹੈ। ਮੋਦਨ ਦੀ ਮਰਦ ਮਾਨਸਿਕਤਾ ਨੂੰ ਧੱਕਾ ਉਦੋਂ ਲਗਦਾ ਹੈ ਜਦੋਂ ਦੇਸੂ ਰਾਹੀਂ ਉਸ ਨੂੰ ਪਤਾ ਚਲਦਾ ਹੈ ਕਿ ਸਾਰੇ ਪਿੰਡ 'ਚ ਸੀਬੋ ਦੇ ਸ਼ਹਿਰ ਜਾਣ ਦੀ ਚਰਚਾ ਚਲ ਰਹੀ ਹੈ ਅਤੇ ਉਹ ਘਰ ਦੀ ਇੱਜ਼ਤ ਬਾਰੇ ਸੋਚਦਾ ਹੈ। ਕਹਾਣੀਕਾਰ ਅੰਤ ਵਿੱਚ ਮੋਦਨ ਦੇ ਸੁਭਾਅ 'ਚ ਆਈ ਤਬਦੀਲੀ ਰਾਹੀਂ ਸੀਬੋ ਨੂੰ ਇਸ ਭਿਆਨਕ ਰਾਹ ਤੋਂ ਮੋੜ ਲਿਆਉਂਦਾ ਹੈ ਅਤੇ ਉਹ ਦੋਵੇਂ ਮੁੜ ਮਿਹਨਤ ਦੇ ਰਸਤੇ ਵੱਲ ਪਰਤਦੇ ਹਨ।

ਵਰਿਆਮ ਸੰਧੂ ਦੀ ਕਹਾਣੀ 'ਸੁਨਹਿਰੀ ਕਿਣਕਾ' ਕਿਸਾਨੀ ਸਮਾਜ ਦੀ ਉਸ ਮਾਨਸਿਕਤਾ ਨੂੰ ਪੇਸ਼ ਕਰਦੀ ਹੈ, ਜਿਸ ਵਿੱਚ ਜ਼ਮੀਨ ਦੀ ਮਾਲਕੀ ਬਣਾਈ ਰੱਖਣ ਲਈ ਬੇਈਮਾਨੀ ਅਤੇ ਨਜ਼ਾਇਜ ਰਿਸ਼ਤੇ ਨੂੰ ਨਾ ਚਾਹੁੰਦੇ ਹੋਏ ਵੀ ਪ੍ਰਵਾਨ ਕਰ ਲਿਆ

ਜਾਂਦਾ ਹੈ। ਇਸ ਤਰ੍ਹਾਂ ਕਹਾਣੀ ਵਿੱਚ ਜ਼ਮੀਨ ਦੇ ਲਾਲਚ ਕਾਰਨ ਪਤਨੀ ਨੂੰ ਸਾਂਝਾ ਕਰਨ ਦਾ ਮਸਲਾ ਸਾਹਮਣੇ ਆਉਂਦਾ ਹੈ ਕਿ ਕਿਸ ਤਰ੍ਹਾਂ ਗੁਰੋ ਪ੍ਰੀਤਮ ਦੇ ਵਿਦੇਸ਼ ਜਾਣ ਤੋਂ ਬਾਅਦ ਫੌਜੇ ਨਾਲ ਵੀ ਸਰੀਰਕ ਸੰਬੰਧ ਰੱਖਦੀ ਹੈ, ਜੋ ਕਿ ਰਿਸ਼ਤੇ ਵਿੱਚ ਉਸ ਦਾ ਜੇਠ ਲਗਦਾ ਹੈ ਅਤੇ ਉਹਨਾਂ ਦੋਹਾਂ ਦਾ ਇੱਕ ਮੁੰਡਾ ਵੀ ਹੁੰਦਾ ਹੈ। ਜਦੋਂ ਫੌਜੇ ਨੂੰ ਪਤਾ ਚਲਦਾ ਹੈ ਕਿ ਨਵੀਂ ਲਈ ਜ਼ਮੀਨ ਨੂੰ ਪ੍ਰੀਤਮ ਦੇ ਵੱਡੇ ਮੁੰਡਿਆ ਦੇ ਨਾ ਕਰਵਾਇਆ ਗਿਆ ਹੈ। ਉਹ ਨਾਰਾਜ਼ ਹੁੰਦਾ ਹੈ ਤਾਂ ਗੁਰੋ ਉਸ ਨੂੰ ਕਹਿੰਦੀ ਹੈ-

> *"ਬੰਦਾ ਬਣ !.... ਮੈਂ ਤੇਰੇ ਨਾਲ ਕੀ ਵੰਡਿਆ...ਤੂੰ ਦਸ ਕਦੀ ਪੈਸੇ ਟਕੇ ਤੋਂ ਤੈਨੂੰ ਮੋੜਿਆ ?...ਜੋ ਆਹ ਢਿੱਡ ਵਾਲਾ ਤੇਰਾ ਤਾਂ ਦੂਜੇ ਕੋਈ ਵਿਗਾਨੇ ਨੇ...ਜਦੋਂ ਮੈਂ ਜੋ ਨਹੀਂ ਤੇਰੇ ਨਾਲ ਮੇਰ-ਤੇਰ ਰੱਖਦੀ...ਫਿਰ ਤੂੰ ਕਿਉਂ ਲੋਕਾ ਦੀਆਂ ਚੁੱਕਣਾ 'ਚ ਆਉਂਦੈ।* [9]

ਇਸ ਤਰ੍ਹਾਂ ਜ਼ਮੀਨ ਦੀ ਮਾਲਕੀ ਬਣਾਈ ਰੱਖਣ ਲਈ ਆਪਣੀ ਪਤਨੀ ਨੂੰ ਅਣਵਿਆਹੇ ਭਰਾ ਨਾਲ ਸਾਂਝਾ ਕਰਨਾ ਵੀ ਕਿਸਾਨੀ ਸਮਾਜ ਦਾ ਕੌੜਾ ਸੱਚ ਹੈ ਅਤੇ ਔਰਤ ਨੂੰ ਵਸਤੂ ਅਤੇ ਬੱਚੇ ਪੈਦਾ ਕਰਨ ਵਾਲੀ ਮਸ਼ੀਨ ਸਮਝਿਆ ਜਾਂਦਾ ਹੈ।

ਉਪਰੋਕਤ ਵਿਚਾਰ ਚਰਚਾ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਆਧੁਨਿਕ ਪੰਜਾਬੀ ਕਹਾਣੀ ਵਿੱਚ ਕਿਸਾਨ ਔਰਤਾਂ ਘਰ ਦੀ ਚਾਰਦੀਵਾਰੀ ਤੱਕ ਸੀਮਤ ਨਹੀਂ ਰਹਿੰਦੀਆਂ ਸਗੋਂ ਮਰਦਾਂ ਵਾਂਗ ਖੇਤਾਂ ਵਿੱਚ ਅਣਥੱਕ ਮਿਹਨਤ ਕਰਦੀਆਂ ਹੋਈਆਂ ਮਿੱਟੀ ਨਾਲ ਮਿੱਟੀ ਹੁੰਦੀਆਂ ਜੀਵਨ-ਸ਼ਕਤੀ, ਸਹਿਣਸ਼ੀਲਤਾ ਅਤੇ ਸਮਰੱਥਾ ਦਾ ਪ੍ਰਤੀਕ ਬਣ ਜਾਂਦੀਆ ਹਨ। ਪੰਜਾਬੀ ਕਹਾਣੀ ਵਿੱਚ ਉਹ ਸਿਰਫ਼ ਮਿਹਨਤੀ ਹੀ ਨਹੀਂ ਸਗੋਂ ਇੱਜਤ, ਜ਼ਮੀਨ ਅਤੇ ਅਸਤਿਤਵ ਦੀ ਰਾਖੀ ਲਈ ਲੜਣ ਵਾਲੀਆਂ ਜੂਝਾਰੂ ਔਰਤਾਂ ਵਜੋਂ ਪੇਸ਼ ਹੁੰਦੀਆਂ ਹਨ। ਜਦਕਿ ਕਿਤੇ-ਕਿਤੇ ਉਹ ਆਰਥਿਕ ਦਬਾਅ ਅਧੀਨ ਜਾਂ ਜ਼ਮੀਨ ਦੇ ਲਾਲਚ ਕਾਰਨ ਨੈਤਿਕ ਗਿਰਾਵਟ ਵੱਲ ਵੀ ਧੱਕੀਆਂ ਜਾਂਦੀਆ ਹਨ ਜਾਂ ਖ਼ੁਦ ਉਹ ਇਹ ਭਿਆਨਕ ਰਸਤਾ ਅਖ਼ਤਿਆਰ ਕਰ ਲੈਂਦੀਆਂ ਹਨ। ਪੰਜਾਬੀ ਸਮਾਜ ਦਾ ਇਹ ਕੌੜਾ ਸੱਚ ਵੀ ਸਾਹਮਣੇ ਆਉਂਦਾ ਹੈ ਕਿ ਔਰਤ ਦੇ ਜ਼ਿਸਮ ਨੂੰ ਜਾਇਦਾਦ ਦੀ ਰੱਖਿਆ ਅਤੇ ਕਬੀਲਦਾਰੀ ਤੋਰਨ ਦੇ ਹਥਿਆਰ ਵਜੋਂ ਵਰਤਿਆ ਜਾਂਦਾ ਰਿਹਾ ਹੈ। ਕਿਸਾਨੀ ਦੇ ਕਿੱਤੇ ਵਿੱਚ ਔਰਤ ਦੀ ਵੀ ਮਹੱਤਵਪੂਰਨ ਭੂਮਿਕਾ ਹੈ ਪਰ ਉਸਦਾ ਸਤਿਕਾਰ ਅਤੇ ਹੱਕ ਅਜੇ ਵੀ ਮਰਦਾਵੇਂ ਅੰਹਕਾਰ ਅਤੇ ਜਾਇਦਾਦੀ ਸੰਘਰਸ਼ਾਂ ਹੇਠ ਦਬਾ ਦਿੱਤੇ ਗਏ ਹਨ। ਇਸ ਤਰ੍ਹਾਂ ਇਹ ਕਹਾਣੀਆਂ ਔਰਤ ਦੀ ਮਿਹਨਤ, ਉਸਦੀ ਪੀੜ੍ਹ ਅਤੇ ਅਸਤਿਤਵ ਨੂੰ ਪੇਸ਼ ਕਰਦੀਆਂ ਹਨ ਅਤੇ ਸਮਾਜਿਕ ਤਬਦੀਲੀ ਲਈ ਪ੍ਰੇਰਣਾ ਦਾ ਸਰੋਤ ਬਣਦੀਆਂ ਹਨ।

## ਹਵਾਲੇ ਅਤੇ ਟਿੱਪਣੀਆਂ


1. *ਰਵੀ ਰਵਿੰਦਰ (ਡਾ.), 'ਕਿਸਾਨੀ ਜੀਵਨ ਦੀ ਪੰਜਾਬੀ ਕਹਾਣੀ', (ਸੰਪਾ), ਨੈਸ਼ਨਲ ਬੁਕ ਟਰੱਸਟ, ਇੰਡੀਆ, ਨਵੀਂ ਦਿੱਲੀ, 2014, ਪੰਨਾ: 120*
2. *https://www.punjabi-kavita.com/punjabikahani/KhoonGurbachanSinghBhullar.php*
3. *-ਉਹੀ-*
4. *ਅਜੀਤ ਸਿੰਘ ਪਤੋ, ਇੱਕੋ ਮਿੱਟੀ ਦੇ ਪੁੱਤ, ਰਵੀ ਸਾਹਿਤ ਪ੍ਰਕਾਸ਼ਨ, ਅਮ੍ਰਿਤਸਰ, 1987, ਪੰਨਾ: 35*
5. *ਗੁਰਦੇਵ ਸਿੰਘ ਰੁਪਾਣਾ, ਸ਼ੀਸ਼ਾ ਤੇ ਹੋਰ ਕਹਾਣੀਆਂ, ਕੁਕਨੂਸ ਪ੍ਰਕਾਸ਼ਨ ਜਲੰਧਰ, 2002, ਪੰਨਾ: 237*
6. *-ਉਹੀ-, ਪੰਨਾ: 268*
7. *ਰਵੀ ਰਵਿੰਦਰ (ਡਾ.), -ਉਹੀ-, ਪੰਨਾ: 241*
8. *-ਉਹੀ-, ਪੰਨਾ: 242*
9. *-ਉਹੀ-, ਪੰਨਾ: 208*



### *Cite this Article-*

*ਰਾਜਵਿੰਦਰ ਕੌਰ (Rajwinder Kaur), ਆਧੁਨਿਕ ਪੰਜਾਬੀ ਕਹਾਣੀ ਵਿੱਚ ਕਿਸਾਨ ਔਰਤ ਦੀ ਪੇਸ਼ਕਾਰੀ (Aadhunik Punjabi Kahani Vich Kisan Aurata Di Peshkari), ਅਰਮਾਨ (ARMAAN), ISSN: 2583-9446 (O), Volume 3, Issue 4, October-December 2025, Page: 22-25.*

*Journal URL:* *www.armaan.org.in*

*DOI:* *https://doi.org/10.64119/armaan.vol.3.issue4.04*



*This article is an open access article published under the terms and conditions of the Creative Commons Attribution (CC BY-NC 4.0) license.*
https://creativecommons.org/licenses/by-nc/4.0/